# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ
## ਕਮ ਸਮਗਰਾ ਸਿੱਖਿਆ ਅਭਿਆਨ ਅਥਾਰਿਟੀ,ਬਠਿੰਡਾ
ਐੱਮ.ਆਈ.ਐੱਸ.ਵਿੰਗ, ਕਮਰਾ ਨੰ: 458, ਤੀਸਰੀ ਮੰਜਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ

MIS Bathinda


ਵੱਲ:-

ਸਮੂਹ ਸਕੂਲ ਮੁਖੀ/ਇੰਚਾਰਜ਼,
ਪ੍ਰਾਇਵੇਟ, ਸੈਂਟਰਲ ਸਕੂਲ ,ਮਾਨਤਾ ਪ੍ਰਾਪਤ, ਗੈਰ ਮਾਨਤਾ ਪ੍ਰਾਪਤ,ਪੀ.ਐਸ.ਈ.ਬੀ, ਸੀ.ਬੀ.ਐਸ.ਈ, ਆਈ.ਸੀ.ਐਸ.ਈ, ਸਕੂਲਜ਼ ਆਦਿ,
ਜ਼ਿਲਾ ਬਠਿੰਡਾ

ਪੱਤਰ ਨੰ:ਐਸ.ਐਸ.ਏ/ਐਮ.ਆਈ.ਐਸ/ਈ-ਪੰਜਾਬ/2023-24/ 2023233682, ਮਿਤੀ: 21-08-2023

**ਵਿਸ਼ਾ: ਈ-ਪੰਜਾਬ ਵੈੱਬ ਪੋਰਟਲ ਤੇ ਇਫਰਾਸਟਕਚਰ ਮਡਿਊਲ ਅਧੀਨ Basic ਡਾਟਾ ਦੀ ਅਪਡੇਸ਼ਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਈ-ਪੰਜਾਬ ਸਕੂਲ ਪੋਰਟਲ ਸਿੱਖਿਆ ਵਿਭਾਗ ਦਾ ਵਿਭਾਗੀ ਪੋਰਟਲ ਹੈ। ਜਿਸ ਉੱਪਰ ਪੰਜਾਬ ਰਾਜ ਦੇ ਸਮੂਹ ਸਕੂਲਾਂ ਵੱਲੋਂ ਆਪਣੇ ਸਕੂਲ ਦੇ ਬੱਚਿਆਂ, ਸਟਾਫ ਅਤੇ ਬੁਨਿਆਦੀ ਢਾਂਚੇ ਸਬੰਧੀ ਡਾਟਾ ਆਪਣੇ ਪੱਧਰ ਤੇ ਰੋਜ਼ਾਨਾ ਤੌਰ ਤੇ ਅਪਡੇਟ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਅਧੀਨ ਆਉਂਦੇ ਸਮੁੱਚੇ ਅਦਾਰਿਆਂ ਨੂੰ ਲੋੜ ਪੈਣ ਤੇ ਸਿੱਖਿਆ ਵਿਭਾਗ ਵੱਲੋਂ ਸਿਰਫ ਤੇ ਸਿਰਫ ਇਸੇ ਪੋਰਟਲ ਦਾ ਡਾਟਾ ਹੀ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਸਿੱਖਿਆ ਵਿਭਾਗ ਵੱਲੋਂ ਈ-ਪੰਜਾਬ ਸਕੂਲ ਵੈਬ ਪੋਰਟਲ ਤੇ ਮੌਜੂਦ ਅੰਕੜਿਆਂ ਦੇ ਅਨੁਸਾਰ ਹੀ ਵਿਭਾਗ ਦੇ ਵੱਖ-ਵੱਖ ਸਕੂਲਾਂ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਪਰੰਤੂ ਜ਼ਿਲ੍ਹਾ ਪੱਧਰ ਤੇ ਡਾਟਾ ਘੋਖਣ ਉਪਰੰਤ ਇਹ ਪਤਾ ਲੱਗਿਆ ਹੈ ਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਸਬੰਧੀ ਡਾਟਾ ਖਾਸ ਤੌਰ ਤੇ **Basic Module** ਸਬੰਧੀ ਡਾਟਾ ਜਿਸ ਤਹਿਤ ਸਕੂਲਾਂ ਨਾਲ ਵਿਭਾਗ ਵੱਲੋਂ ਰਾਬਤਾ ਬਣਾਇਆ ਜਾਂਦਾ ਹੈ, ਅਜੇ ਤੱਕ ਬਹੁਤ ਹੀ ਪੁਰਾਣਾ ਹੈ ਜਾਂ ਸਕੂਲਾਂ ਵੱਲੋਂ ਸਹੀ ਤਰੀਕੇ ਨਾਲ ਅਪਡੇਟ ਨਹੀਂ ਕੀਤਾ ਜਾ ਰਿਹਾ ਜਦ ਕਿ ਸਕੂਲ ਮੁਖੀਆਂ ਨੂੰ ਸਮੇਂ-ਸਮੇਂ ਤੇ ਇਸ ਸਬੰਧੀ ਪੱਤਰਾਂ ਰਾਹੀਂ ਡਾਟਾ ਅਪਡੇਟ ਕਰਨ ਦੀ ਹਦਾਇਤ ਕੀਤੀ ਗਈ ਹੈ ਪਰੰਤੂ ਸਕੂਲਾਂ ਵੱਲੋਂ ਆਪਣੇ ਸਕੂਲ ਦੇ ਡਾਟਾ ਨੂੰ ਸਮੇਂ ਸਿਰ ਨਾ ਅਪਡੇਟ ਕਰਨ ਕਰਕੇ ਵਿਭਾਗ ਨੂੰ ਕਈ ਵਾਰ ਸਕੂਲਾਂ ਨਾਲ ਰਾਬਤਾ ਬਣਾਉਣ ਸਮੇਂ ਜਾਂ ਡਾਟਾ ਨੂੰ ਦੂਜੇ ਵਿਭਾਗਾਂ ਨੂੰ ਮੁਹੱਈਆ ਕਰਵਾਉਣ ਸਮੇਂ ਨਾਮੋਸ਼ੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਸੋ ਸਮੂਹ ਸਕੂਲ ਮੁੱਖੀਆਂ/ਇੰਚਾਰਜਾਂ ਨੂੰ **Infrastructure Module ਅਧੀਨ Basic Module** ਨੂੰ ਅਪਡੇਟ ਕਰਨ ਸਬੰਧੀ ਹੇਠ ਅਨੁਸਾਰ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ:-

1. **Phone No.** ਇਸ ਵਿੱਚ ਸਕੂਲ ਦਾ **Landline Number** ਜੇਕਰ ਸਕੂਲ ਵਿੱਚ **Landline Phone** ਮੌਜੂਦ ਹੈ ਅਤੇ **Working Condition** ਵਿੱਚ ਹੈ ਤਾਂ ਉਹ ਸਮੇਤ **STD Code** ਅਪਡੇਟ ਕੀਤਾ ਜਾਵੇ। **Landline** ਨਾ ਹੋਣ ਦੀ ਸੂਰਤ ਵਿੱਚ ਮੌਜੂਦਾ ਸਕੂਲ ਮੁੱਖੀ/ ਇੰਚਾਰਜ ਦਾ ਸਹੀ ਮੋਬਾਇਲ ਨੰਬਰ ਅਪਡੇਟ ਕੀਤਾ ਜਾਵੇ। **ਮੋਬਾਇਲ ਨੰਬਰ ਅਪਡੇਟ ਕਰਨ ਸਮੇਂ STD ਵਾਲੇ ਕਾਲਮ ਵਿੱਚ 0 ਅਤੇ ਫੋਨ ਨੰਬਰ ਵਿੱਚ ਮੋਬਾਇਲ ਨੰਬਰ ਭਰਿਆ ਜਾਵੇ।**
2. **Fax No.** ਇਸ ਵਿੱਚ ਸਕੂਲ ਦਾ FAX No. ਜੇਕਰ ਮੌਜੂਦ ਹੈ ਤਾਂ ਅਪਡੇਟ ਕੀਤਾ ਜਾਵੇ।
3. **Email id:** ਇਸ ਵਿੱਚ ਸਕੂਲ ਦੀ Official Email id ਅਪਡੇਟ ਕੀਤੀ ਜਾਵੇ। **Email id ਅਪਡੇਟ ਕਰਨ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਉਸ ਦੇ ਅੱਖਰ ਸਹੀ ਅਪਡੇਟ ਹੋਣ ਤਾਂ ਜੋ ਵਿਭਾਗ ਨੂੰ ਸਹੀ ਜਾਣਕਾਰੀ ਮੁਹੱਈਆ ਹੋ ਸਕੇ। ਜ਼ਿਆਦਾਤਰ Communication ਇਸੇ ਮਾਧਿਅਮ ਰਾਹੀਂ ਹੋਣ ਕਰਕੇ ਇਸਦਾ ਸਹੀ ਅਪਡੇਟ ਹੋਣਾ ਲਾਜ਼ਮੀ ਹੈ। ਸੋ ਬਹੁਤ ਹੀ ਧਿਆਨ ਨਾਲ ਭਰਿਆ ਜਾਵੇ।**
4. **Establishment Year:** ਇਸ ਵਿੱਚ ਸਕੂਲ ਦੇ ਸਥਾਪਨਾ ਦਾ ਸਾਲ ਭਰਿਆ ਜਾਵੇ, ਹਰੇਕ ਸਕੂਲ ਵੱਲੋਂ ਇਹ ਜਾਣਕਾਰੀ ਧਿਆਨ ਨਾਲ ਭਰਨੀ ਯਕੀਨੀ ਬਣਾਈ ਜਾਵੇ।
5. **Is School Recognized?:** ਇਸ ਵਿੱਚ ਸਕੂਲ ਦੇ ਮਾਨਤਾ ਪ੍ਰਾਪਤ ਹੋਣ ਬਾਰੇ ਜਾਣਕਾਰੀ ਭਰੀ ਜਾਣੀ ਹੈ ਜੋ ਕਿ **Yes or No** ਵਿੱਚ ਹੀ ਅਪਡੇਟ ਹੋਣੀ ਹੁੰਦੀ ਹੈ,ਸੋ **ਪ੍ਰਾਈਵੇਟ ਸਕੂਲਾਂ ਵੱਲੋਂ ਉਹਨਾਂ ਦੇ ਸਕੂਲ ਨੂੰ ਵਿਭਾਗ ਵੱਲੋਂ ਮਿਲੀ RTE Recognition** ਅਨੁਸਾਰ ਜਾਣਕਾਰੀ ਅਪਡੇਟ ਕੀਤੀ ਜਾਵੇ।

6. **Year of Recognition(Under RTE) :** ਸਿੱਖਿਆ ਵਿਭਾਗ ਅਧੀਨ ਚੱਲ ਰਹੇ ਸਮੂਹ ਪ੍ਰਾਇਵੇਟ ਸਕੂਲਾਂ ਨੂੰ ਵਿਭਾਗ ਵੱਲੋਂ **RTE Act** ਤਹਿਤ ਮਾਨਤਾ ਲੈਣਾ ਲਾਜ਼ਮੀ ਹੁੰਦਾ ਹੈ। ਸੋ, ਇਸ ਵਿੱਚ **ਪ੍ਰਾਇਵੇਟ ਸਕੂਲ ਨੂੰ ਵਿਭਾਗ ਵੱਲੋਂ ਮਿਲੀ RTE Recognition** ਦਾ ਸਾਲ ਅਪਡੇਟ ਕੀਤਾ ਜਾਵੇ।
7. **Recognition Number:** ਇਸ ਵਿੱਚ **ਪ੍ਰਾਇਵੇਟ ਸਕੂਲ ਨੂੰ ਵਿਭਾਗ ਵੱਲੋਂ ਮਿਲੀ RTE Recognition** ਦਾ ਨੰਬਰ ਜੋ ਕਿ ਵਿਭਾਗ ਵੱਲੋਂ ਮਿਲਿਆ **Reference no.** ਹੁੰਦਾ ਹੈ, ਉਹ ਅਪਡੇਟ ਕੀਤਾ ਜਾਵੇ।
8. **Affiliation 10th Level:** ਇਸ ਵਿੱਚ ਸਕੂਲ ਦੇ 10ਵੀਂ ਕਲਾਸ ਤੱਕ ਦੇ ਸਬੰਧਤ ਬੋਰਡ (ਪੀ.ਐਸ.ਈ.ਬੀ, ਸੀ.ਬੀ.ਐਸ.ਈ,ਆਈ.ਸੀ.ਐਸ.ਈ,ਆਦਿ) ਸਬੰਧੀ ਜਾਣਕਾਰੀ ਅਪਡੇਟ ਕੀਤੀ ਜਾਵੇ।
9. **Affiliation 12th Level:** ਇਸ ਵਿੱਚ ਸਕੂਲ ਦੇ 12ਵੀਂ ਕਲਾਸ ਤੱਕ ਦੇ ਸਬੰਧਤ ਬੋਰਡ(ਪੀ.ਐਸ.ਈ.ਬੀ, ਸੀ.ਬੀ.ਐਸ.ਈ,ਆਈ.ਸੀ.ਐਸ.ਈ,ਆਦਿ) ਸਬੰਧੀ ਜਾਣਕਾਰੀ ਅਪਡੇਟ ਕੀਤੀ ਜਾਵੇ।
10. **Does School Run in Shift:** ਇਸ ਵਿੱਚ ਸਕੂਲ ਦੇ ਸ਼ਿਫਟ ਸਕੂਲ ਬਾਰੇ ਜਾਣਕਾਰੀ ਭਰੀ ਜਾਣੀ ਹੈ। **ਜੇਕਰ ਕੋਈ ਸਕੂਲ ਦੋ ਸ਼ਿਫਟਾਂ ਵਿੱਚ ਚਲਦਾ ਹੈ ਤਾਂ ਆਪਣੇ ਸਕੂਲ ਸਬੰਧੀ ਸਹੀ ਜਾਣਕਾਰੀ ਅਪਡੇਟ ਕੀਤੀ ਜਾਵੇ।**
11. **Medium Of Instruction:** ਇਸ ਵਿੱਚ ਸਕੂਲ ਵਿੱਚ ਬੱਚਿਆਂ ਨੂੰ ਪੜਾਏ ਜਾ ਰਹੇ ਮਾਧਿਅਮ(Punjabi, Hindi, English) ਜੋ ਬੱਚਿਆਂ ਨੂੰ ਪੜਾਏ ਜਾਂਦੇ ਹਨ, ਉਸਨੂੰ ਸਹੀ ਅਪਡੇਟ ਕੀਤਾ ਜਾਵੇ।

ਉਕਤ ਅਨੁਸਾਰ ਸਮੂਹ ਸਕੂਲ ਮੁੱਖੀਆਂ/ਇੰਚਾਰਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਰਿਕਾਰਡ ਅਨੁਸਾਰ ਬੁਨਿਆਦੀ ਢਾਂਚੇ ਦੇ ਡਾਟਾ ਨੂੰ ਵਿਭਾਗੀ ਪੋਰਟਲ ਤੇ ਮਿਤੀ 23.08.2023 ਤੱਕ ਅਪਡੇਟ ਕਰਨਾ ਯਕੀਨੀ ਬਣਾਉਣ ਤਾਂ ਜੋ ਵਿਭਾਗ ਨੂੰ ਸਹੀ ਜਾਣਕਾਰੀ ਉਪਲਬਧ ਹੋ ਸਕੇ। ਕਿਸੇ ਕਿਸਮ ਦੀ ਅਣ-ਗਹਿਲੀ ਦੀ ਜ਼ਿੰਮੇਵਾਰੀ ਸਬੰਧਤ ਸਕੂਲ ਦੇ ਸਕੂਲ ਮੁੱਖੀ/ਇੰਚਾਰਜ ਦੀ ਨਿੱਜੀ ਹੋਵੇਗੀ।

**ਨੋਟ: Infrastructure Module ਨੂੰ ਅਨਲਾਕ ਕਰਨ ਲਈ ਆਪਣੇ ਸਬੰਧਤ ਬਲਾਕ ਐਮ.ਆਈ.ਐਸ ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਜਿਲ੍ਹਾ ਐੱਮ.ਆਈ.ਐੱਸ. ਵਿੰਗ ਦੁਆਰਾ ਚਲਾਏ ਜਾ ਰਹੇ ਵਟਸਐਪ ਗਰੁੱਪ ਵਿੱਚ ਮੈਸਜ ਕੀਤਾ ਜਾ ਸਕਦਾ ਹੈ।**

**ਜ਼ਿਲਾ ਸਿੱਖਿਆ ਅਫਸਰ(ਐ.ਸਿ),**
**ਬਠਿੰਡਾ**

**ਜ਼ਿਲਾ ਸਿੱਖਿਆ ਅਫਸਰ(ਸੈ.ਸਿ),**
**ਬਠਿੰਡਾ**

ਪੱਤਰ ਨੰ:ਐਸ.ਐਸ.ਏ/ਐਮ.ਆਈ.ਐਸ/ਈ-ਪੰਜਾਬ/2022-23/ਉਕਤ ਮਿਤੀ: ਉਕਤ

ਉਤਾਰਾ:-

1) ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਅਜੀਤਗੜ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2) ਸਮੂਹ ਬਲਾਕ ਐਮ.ਆਈ.ਐਸ ਕੋਆਰਡੀਨੇਟਰਜ਼ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ ਨਾਲ ਬੀ.ਪੀ.ਈ.ਓ/ ਬੀ.ਐਨ.ਓਜ਼ ਰਾਹੀਂ ਰਾਬਤਾ ਬਣਾਕੇ ਇਸਨੂੰ ਪਹਿਲ ਦੇ ਆਧਾਰ ਤੇ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।
3) ਸਮੂਹ ਬੀ.ਪੀ.ਈ.ਓਜ਼/ ਬੀ.ਐਨ.ਓਜ਼ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਮੇਂ-ਸਮੇਂ ਦੌਰਾਨ ਸਬੰਧਤ ਬਲਾਕ ਐਮ.ਆਈ.ਐਸ ਕੋਆਰਡੀਨੇਟਰ ਕੋਲੋਂ ਰਿਪੋਰਟ ਲੈ ਕੇ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ ਨਾਲ ਤਾਲਮੇਲ ਬਣਾ ਕੇ ਪਹਿਲ ਦੇ ਆਧਾਰ ਤੇ ਕੰਮ ਨੂੰ ਮੁਕੰਮਲ ਕਰਵਾਇਆ ਜਾਵੇ।

**ਜ਼ਿਲਾ ਸਿੱਖਿਆ ਅਫਸਰ(ਐ.ਸਿ),**
**ਬਠਿੰਡਾ**

**ਜ਼ਿਲਾ ਸਿੱਖਿਆ ਅਫਸਰ(ਸੈ.ਸਿ),**
**ਬਠਿੰਡਾ**